# ਜੂਬਾ ਸਿਟੀ / ਲਾਇਵ ਓਕ ਅਰਬਨ ਬੇਸਿਨ

## ਸਟਰ ਕਾਊਂਟੀ , ਕੈਲੇਫੋਰਨੀਆਂ

# ਹੜ੍ਹ ਦੇ ਖਤਰੇ ਦੀ ਹਾਲਤ ਵਿੱਚ

ਇਹ ਜਾਣਕਾਰੀ ਪੱਤਰ ਤੁਹਾਡੀ ਸਪਰਿੰਗ ਅਤੇ ਸਰਦੀਆਂ ਦੇ ਮਹੀਨਿਆਂ ਵਿੱਚ ਜਦੋਂ ਕਿ ਭਾਰੀ ਮੀਹਾਂ ਅਤੇ ਬਰਫ ਪਿਘਲਣ ਕਾਰਣ ਨਹਿਰਾਂ ਅਤੇ ਨਦੀਆਂ ਵਿੱਚ ਹੜ੍ਹਾਂ ਦੇ ਖਤਰੇ ਦੀ ਸੰਭਾਵਨਾ ਦੀ ਹਾਲਤ ਵਿੱਚ ਮਦਦ ਕਰਨ ਲਈ ਹੈ।

ਤੁਹਾਨੂੰ ਇਹ ਜਾਣਕਾਰੀ ਹੁਣੇ ਹੀ ਪੜ੍ਹਨ ਲਈ ਸਖਤੀ ਨਾਲ ਸਲਾਹ ਦਿੱਤੀ ਜਾਂਦੀ ਹੈ।
ਇਹ ਜਾਣਕਾਰੀ ਆਪਣੀ ਟੈਲੀਫੂਨ ਬੁੱਕ ਵਿੱਚ ਰੱਖੋ।

ਸਟਰ ਕਾਊਂਟੀ ਦੇ ਵੱਖਰੇ ਵੱਖਰੇ ਬੇਸਿਨਾਂ ਲਈ ਵੱਖਰੇ ਵੱਖਰੇ ਜਾਣਕਾਰੀ ਪੱਤਰ ਹਨ। ਤੁਸੀਂ ਆਪਣੇ ਏਰੀਆ ਨਾਲ ਸੰਬੰਧਿਤ ਜਾਣਕਾਰੀ ਪੱਤਰ ਲਉ।

---

**ਜਾਣਕਾਰੀ ਪੱਤਰ ਵਿੱਚ:**

. ਤਿਆਰੀ ਦੇ ਕਦਮ,
ਹੁਣ ਕਿਸ ਤਰ੍ਹਾਂ ਦੀ ਤਿਆਰੀ ਕਰਨੀ ਹੈ...
. ਗਤੀਵਿਧੀਆਂ ਦੀ ਤਿਆਰੀ ਦੀ ਚੈੱਕ ਲਿਸਟ...
. ਫੈਦਰ ਰਿਵਰ ਦੀ ਹੜ੍ਹ ਦੀਆਂ ਸਟੇਜਾਂ
ਅਤੇ ਪ੍ਰੀਭਾਸ਼ਾਵਾਂ...
. ਈਵੈਕੂਏਸ਼ਨ--ਪਹਿਲਾਂ ਅਤੇ ਪਿੱਛੋਂ...
. ਜੇ ਤੁਹਾਡਾ ਘਰ ਹੜ੍ਹ ਦੀ ਲਪੇਟ ਵਿੱਚ ਆ ਚੁੱਕਾ ਹੈ
. ਹੋਰ ਜਾਣਕਾਰੀ ਲਈ ਕਿੱਥੇ ਜਾ ਸਕਦੇ ਹੋ...

---

ਸਟਰ ਅਤੇ ਯੂਬਾ ਕਾਊਂਟੀ ਦੇ ਮਿਲਦੇ ਜੁਲਦੇ ਪਰ ਵੱਖਰੇ ਐਮਰਜੈਂਸੀ ਪ੍ਰੋਸੀਜ਼ਰ ਹਨ। **ਆਪਣੇ ਏਰੀਆ ਬਾਰੇ ਹਰ ਤਰ੍ਹਾਂ ਦੀ ਜਾਣਕਾਰੀ ਨਾਲ ਸੰਪਰਕ ਰੱਖੋ।**

## ਹੜ੍ਹ ਤੋਂ ਪਹਿਲਾਂ ਦੀ ਤਿਆਰੀ ਵਿੱਚ ਚੁੱਕੇ ਜਾਣ ਵਾਲੇ ਕਦਮ

**ਤਿਆਰੀ ਕਰੋ** ਆਉਣ ਵਾਲੀ ਐਮਰਜੈਂਸੀ ਲਈ। ਇਸ ਨਾਲ ਤੁਹਾਨੂੰ ਅਤੇ ਤੁਹਾਡੇ ਜਾਣ ਪਹਿਚਾਣ ਵਾਲਿਆਂ ਦੀ ਸੁਰੱਖਿਆ ਦਾ ਭਰੋਸਾ ਮਿਲੇਗਾ ਅਤੇ ਤੁਸੀਂ ਅਣਲੋੜੀਂਦੀ ਘਬਰਾਹਟ ਤੋਂ ਬਚੋਗੇ।

**ਵਿਚਾਰ ਕਰੋ** ਆਪਣੇ ਪ੍ਰੀਵਾਰ ਦੇ ਮੈਂਬਰਾਂ ਨਾਲ ਹੜ੍ਹ ਦੇ ਖਤਰੇ ਦੀ ਹਾਲਤ ਵਿੱਚ ਗਤੀਵਿਧੀਆਂ ਦੀ ਯੋਜਨਾ ਬਣਾਉਣ ਬਾਰੇ। ਇਸ ਗੱਲ ਦਾ ਪੱਕਾ ਯਕੀਨ ਕਰੋ ਕਿ ਛੋਟੇ ਬੱਚੇ, ਬਜ਼ੁਰਗ, ਅੰਗਹੀਨ ਜਾਂ ਅਪਾਹਜਾਂ ਅਤੇ ਜਾਨਵਰਾਂ ਬਾਰੇ ਵੀ ਯੋਜਨਾ ਬਣੇ।

**ਸਿੱਖੋ** ਈਵੈਕੂਏਸ਼ਨ ਦੇ ਸੁਰੱਖਿਅੱਤ ਰਾਹਾਂ ਬਾਰੇ।

**ਰੱਖੋ** ਆਪਣੇ ਵਾਹਨਾਂ ਵਿੱਚ ਗੈਸ ਭਰ ਕੇ ਰੱਖੋ।

**ਰੱਖੋ** ਐਮਰਜੈਂਸੀ ਵਾਟਰਪਰੂਫਿੰਗ ਲਈ ਸਮੱਗਰੀ ਜਿਵੇਂ ਕਿ ਪਲਾਈਵੁੱਡ, ਪਲਾਸਟਿਕ ਸ਼ੀਟਿੰਗ ਅਤੇ ਲੰਬਰ।

**ਬਣਾਉ** ਜ਼ਾਅਤੀ ਪ੍ਰਾਪਰਟੀ ਦੀ ਇੱਕ ਲਿਸਟ ਜਿਸ ਵਿੱਚ ਫਰਨੀਚਰ, ਕੱਪੜੇ, ਕੀਮਤੀ ਸਮਾਨ, ਆਪਣੇ ਘਰ ਦੇ ਅੰਦਰ ਅਤੇ ਬਾਹਰ ਦੀਆਂ ਤਸਵੀਰਾਂ ਆਦਿ ਦੀ। ਸਾਰੇ ਕਾਨੂੰਨੀ ਕਾਗਜ਼ਾਤ ਆਪਣੇ ਨਾਲ ਰੱਖੋ।

ਘਰ ਜਾਂ ਸਮਾਨ ਖਰਾਬ ਹੋ ਜਾਣ ਦੀ ਹਾਲਤ ਵਿੱਚ ਇਸ ਤੋਂ ਪਹਿਲਾਂ ਕਿ ਹੜ੍ਹ ਤੁਹਾਨੂੰ ਘਰ ਖਾਲੀ ਕਰਨ ਲਈ ਮਜ਼ਬੂਰ ਕਰੇ, ਤੁਹਾਡੇ ਕੋਲ ਆਪਣੇ ਨਾਲ ਲਿਜਾਣ ਲਈ ਲੋੜੀਂਦੀ ਜਾਣਕਾਰੀ ਅਤੇ ਹੋਰ ਸਾਰੀ ਸਪਲਾਈ ਤਿਆਰ ਹੋਣੀ ਚਾਹੀਦੀ ਹੈ।

## ਗਤੀਵਿਧੀਆਂ ਦੀ ਤਿਆਰੀ ਦੀ ਸੂਚੀ

. ਘੱਟੋ ਘੱਟ ਤਿੰਨ ਦਿਨਾਂ ਦੇ ਭੋਜਨ ਦੀ ਸਪਲਾਈ ਅਤੇ ਪਾਣੀ ( ਇੱਕ ਗੈਲਨ ਪਰ ਆਦਮੀ ਪਰ ਦਿਨ )
. ਜ਼ਰੂਰੀ ਦਵਾਈਆਂ
. ਬੱਚਿਆਂ ਲਈ ਲੋੜੀਂਦਾ ਸਮਾਨ - ਫਾਰਮੂਲਾ, ਬੋਤਲਾਂ, ਡਾਇਪਰ, ਫੂਡ ਅਤੇ ਦਵਾਈਆਂ
. ਬੈਟਰੀ ਨਾਲ ਚੱਲਣ ਵਾਲਾ ਰੇਡੀਉ ਅਤੇ ਵਾਧੂ ਬੈਟਰੀਆਂ
. ਫਲੈਸ਼ਲਾਈਟ ਅਤੇ ਵਾਧੂ ਬੈਟਰੀਆਂ
. ਫਰਸਟ ਏਡ ਕਿੱਟ ਅਤੇ ਜਾਣਕਾਰੀ
. ਕੰਬਲ
. ਮੈੱਸ ਕਿੱਟ ਜਾਂ ਪੇਪਰ ਕੱਪ, ਪਲੇਟਾਂ ਅਤੇ ਪਲਾਸਟਿਕ ਦੇ ਬਰਤਨ
. ਕੈਨ ਓਪਨਰ
. ਚਾਕੂ
. ਟਾਇਲਟ ਪੇਪਰ, ਨੈਪਕਿਨ
. ਨਹਾਉਣ ਅਤੇ ਕੱਪੜੇ ਧੋਣ ਵਾਲਾ ਸਾਬਣ
. ਫੈਮਿਨਿਨ ਸਪਲਾਈਆਂ ਅਤੇ ਪਰਸਨਲ ਹਾਈਜ਼ੀਨ ਦਾ ਸਮਾਨ

. ਕਾਨਟੈਕਟ ਲੈਂਸ, ਨਿਗਾਹ ਦੀਆਂ ਐਨਕਾਂ
. ਦੰਦਾਂ ਦੀ ਸਪਲਾਈ
. ਕੱਪੜੇ ਅਤੇ ਜੁੱਤੀਆਂ ਹਰੇਕ ਲਈ
. ਸਟਰਡੀ ਸ਼ੂ
. ਮੀਂਹ ਤੋਂ ਬਚਾਉ ਲਈ ਸਪਲਾਈ
. ਕੈਸ਼ ਜਾਂ ਟਰੈਵਲਰ ਚੈੱਕ ਅਤੇ ਭਾਨ
. ਸੀਟੀ
. ਦਿਲ ਪ੍ਰਚਾਉਣ ਲਈ ਕਿਤਾਬਾਂ ਅਤੇ ਰਸਾਲੇ

ਫੇਦਰ ਰਿਵਰ ਦੀਆਂ ਹੜ੍ਹ ਦੀਆਂ ਸਟੇਜਾਂ

ਯੂਬਾ ਸਿਟੀ ਵਿੱਚ ਰਿਵਰ ਦਾ ਲੈਵਲ 5ਵੀਂ ਸਟਰੀਟ ਬਰਿੱਜ ਤੇ ਮਾਪਿਆ ਜਾਂਦਾ ਹੈ।

**70' ਤੋਂ ਥੱਲੇ ਲਈ ਯੋਜਨਾ ਅਤੇ ਤਿਆਰੀ ਦਾ ਫੇਜ਼:** ਐਮਰਜੈਂਸੀ ਦੀ ਤਿਆਰੀ ਅਤੇ ਯੋਜਨਾ। ਰਿਵਰ ਆਪਣੇ ਮੇਨ ਚੈਨਲ ਤੋਂ ਕੰਢਿਆਂ ਨੂੰ ਪਾਰ ਕਰ ਚੁੱਕੀ ਹੈ ਅਤੇ ਸਰਕਾਰ ਚਾਹੁੰਦੀ ਹੈ ਕਿ ਪਬਲਿਕ ਬਿਨ੍ਹਾਂ ਹੀ ਤਿਆਰੀ ਦੇ ਸਾਵਧਾਨ ਰਹੇ।
**70' ਤੋਂ ਵੱਧ ਗਤੀਵਿਧੀ ਲਈ ਤਿਆਰੀ ਫੇਜ਼:** ਇਸ ਇਲਾਕੇ ਦੇ ਸਾਰੇ ਵਸਨੀਕਾਂ ਨੂੰ ਸਲਾਹਾਕਾਰੀ ਈਵੈਕੂਏਸ਼ਨ ਨੋਟਿਸ ਅਤੇ ਲਾਜ਼ਮੀਈਵੈਕੂਏਸ਼ਨ ਹੁਕਮ ਲਈ ਹਰ ਸਮੇਂ ਤਿਆਰ ਰਹਿਣਾ ਚਾਹੀਦਾ ਹੈ।
**77' ਤੋਂ ਉਪਰ ਐਮਰਜੈਂਸੀ ਫੇਜ਼:** ਇਸ ਮੌਕੇ ਤੇ ਲਾਜ਼ਮੀ ਈਵੈਕੂਏਸ਼ਨ ਜ਼ਰੂਰੀ ਹੋ ਸਕਦਾ ਹੈ। ਲਾਜ਼ਮੀ ਈਵੈਕੂਏਸ਼ਨ ਕਿਸੇ ਵੀ ਸਮੇਂ ਦਿੱਤੀ ਜਾ ਸਕਦੀ ਹੈ। ਬਿਜਨੈਸਾਂ, ਪਬਲਿਕ ਲਈ ਸੁਰੱਖਿਅਤ ਕਦਮ ਚੁੱਕਣ ਲਈ ਕੋਈ ਸਮਾਂ ਨਹੀਂ ਜਾਂ ਕੁੱਛ ਹੀ ਸਮਾਂ ਹੋਵੇਗਾ। ਹਰ ਇੱਕ ਨੂੰ ਚਾਹੀਦਾ ਹੈ ਕਿ ਉਹ ਸਿਟੀ ਜਾਂ ਕਾਊਂਟੀ ਦੁਆਰਾ ਦਿੱਤੀ ਜਾ ਰਹੀ ਈਵੈਕੂਏਸ਼ਨ ਬਾਰੇ ਜਾਣਕਾਰੀ ਦਾ ਹਰ ਵੇਲੇ ਧਿਆਨ ਰੱਖੇ।
ਹੜ੍ਹ ਦੇ ਖਤਰੇ ਲਈ ਕਿਸੇ ਵੀ ਸਮੇਂ ਕਈ ਤੱਤ ਜ਼ਿੰਮੇਵਾਰ ਹੁੰਦੇ ਹਨ। ਉਦਾਹਰਣ ਦੇ ਤੌਰ ਤੇ ਰਿਵਰ ਲੈਵਲ ਦੇ ਵਧਾਉ ਦੇ ਕਾਰਣ ਲੇਵੀ ਦੇ ਉੱਤੇ ਕਿੰਨੀ ਵਾਰੀ ਪਾਣੀ ਸੀ, ਮੌਸਮ ਦੀ ਭਵਿੱਖਬਾਣੀ, ਰਿਵਰ ਦਾ ਕਰੱਸਟ, ਡੈਮ ਤੋਂ ਪਾਣੀ ਦਾ ਪ੍ਰਵਾਹ, ਸਮਾਂ ਅਤੇ ਕਿੰਨੇ ਲੋਕਾਂ ਨੂੰ ਈਵੈਕੂਏਸ਼ਨ ਦੇ ਹੁਕਮ ਤੋਂ ਪਹਿਲਾਂ ਧਿਆਨ ਵਿੱਚ ਰੱਖਿਆ ਜਾਂਦਾ ਹੈ।
ਤੂਫਾਨ, ਹੜ੍ਹ ਜਾਂ ਮੀਂਹ ਦੀ ਹਾਲਤ ਵਿੱਚ ਸਖਤ ਅਤੇ ਛੇਤੀ ਈਵੈਕੂਏਸ਼ਨ ਬਾਰੇ ਪਹਿਲਾਂ ਜਾਣਕਾਰੀ ਤਹਿ ਕਰਨੀ ਨਾਮੁਮਕਿਨ ਹੈ। ਵਿਸ਼ਵਾਸ਼ ਕਰੋ ਕਿ ਈਵੈਕੂਏਸ਼ਨ ਬਾਰੇ ਫੈਸਲੇ ਗੰਭੀਰਤਾ ਨਾਲ ਵਿਚਾਰੇ ਜਾਣ ਅਤੇ ਈਵੈਕੂਏਸ਼ਨ ਦਾ ਹੁਕਮ ਉਦੋਂ ਹੀ ਦਿੱਤਾ ਜਾਵੇ ਜਦੋਂ ਜ਼ਰੂਰੀ ਹੈ।

**ਐਡਵਾਈਜ਼ਰੀ ( ਸਲਾਹਕਾਰੀ ) ਈਵੈਕੂਏਸ਼ਨ**

. ਸਲਾਹਾਕਾਰੀ ਈਵੈਕੂਏਸ਼ਨ ਨੋਟਿਸ ਉਸ ਵੇਲੇ ਦਿੱਤਾ ਜਾਂਦਾ ਹੈ ਜਦੋਂ ਪਤਾ ਹੋਵੇ ਕਿ ਆਉਣ ਵਾਲੇ ਸਮੇਂ ਵਿੱਚ ਲਾਜ਼ਮੀ ਈਵੈਕੂਏਸ਼ਨ ਦਾ ਹੁਕਮ ਦਿੱਤਾ ਜਾਵੇਗਾ।
. ਜਾਨੀ ਖਤਰਾ ਨਹੀਂ ਲੱਗਦਾ ਪਰ ਤੇਜ਼ੀ ਨਾਲ ਬਦਲ ਰਹੇ ਹਾਲਾਤਾਂ ਕਾਰਣ ਗੰਭੀਰ ਖਤਰਾ ਬਣ ਸਕਦਾ ਹੈ। ਇਸ ਲਈ ਪਬਲਿਕ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਲਾਜ਼ਮੀ ਈਵੈਕੂਏਸ਼ਨ ਲਈ ਤਿਆਰ ਰਹਿਣ।
. ਵਸਨੀਕਾਂ ਨੂੰ ਏਰੀਆ ਛੱਡਣ ਲਈ ਸਲਾਹ ਦਿੱਤੀ ਜਾਂਦੀ ਹੈ। ਉਹ ਜਿਨ੍ਹਾਂ ਨੂੰ ਸਪੈਸ਼ਲ ਈਵੈਕੂਏਸ਼ਨ ਦੀ ਜ਼ਰੂਰਤ ਹੈ ਜਿਵੇਂ ਕਿ ਕੇਅਰ ਸੇਵਾਵਾਂ ਜਾਂ ਜਿਨ੍ਹਾਂ ਨੂੰ ਆਉਣ ਜਾਣ ਦੀ ਖਾਸ ਲੋੜ ਹੈ ਨੂੰ ਪਹਿਲਾਂ ਛੇਤੀ ਤੋਂ

ਛੇਤੀ ਸਲਾਹਾਕਾਰੀ ਈਵੈਕੂਏਸ਼ਨ ਹੁਕਮ ਹੁੰਦੇ ਹੀ ਜਾਣਾ ਚਾਹੀਦਾ ਹੈ।

. ਬਿਜ਼ਨੈਸਾਂ ਨੂੰ ਆਪਣਾ ਸਮਾਨ ਜਾਂ ਮਸ਼ੀਨਰੀ ਸੁਰੱਖਿਅਤ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਸਲਾਹਾਕਾਰੀ ਈਵੈਕੂਏਸ਼ਨ ਵੇਲੇ ਏਰੀਆ ਵਿੱਚ ਜਾਣ ਦੀ ਮਨਾਹੀ ਹੈ।

. ਲਾਜ਼ਮੀ ਈਵੈਕੂਏਸ਼ਨ ਹੁਕਮ ਚੱਕਣ ਵੇਲੇ ਸਲਾਹਾਕਾਰੀ ਈਵੈਕੂਏਸ਼ਨ ਦਾ ਹੁਕਮ ਜ਼ਾਰੀ ਕੀਤਾ ਜਾ ਸਕਦਾ ਹੈ। ਕਿਉਂਕਿ ਏਰੀਆ ਵਿੱਚਲੇ ਹਾਲਾਤ ਤੇਜ਼ੀ ਨਾਲ ਬਦਲ ਸਕਦੇ ਹਨ ਅਤੇ ਫਿਰ ਤੋਂ ਗੰਭੀਰ ਹੋ ਸਕਦੇ ਹਨ।

## ਲਾਜ਼ਮੀ ਈਵੈਕੂਏਸ਼ਨ:

. ਲਾਜ਼ਮੀ ਈਵੈਕੂਏਸ਼ਨ ਦਾ ਹੁਕਮ ਉਦੋਂ ਦਿੱਤਾ ਜਾਂਦਾ ਹੈ ਜਦੋਂ ਏਰੀਆ ਵਿੱਚ ਜਾਨੀ ਨੁਕਸਾਨ ਦਾ ਖਤਰਾ ਹੋਵੇ। ਖਤਰਾ ਉੱਚ ਪੱਧਰ ਦਾ ਹੋਵੇ।

. ਬਾਹਰੋਂ ਆਏ ਸਾਰੇ ਲੋਕਾਂ ਨੂੰ ਦੱਸੇ ਹੋਏ ਰਾਹ ਰਾਹੀਂ ਛੇਤੀ ਤੋਂ ਛੇਤੀ ਏਰੀਆ ਛੱਡਣ ਲਈ ਕਿਹਾ ਜਾ ਸਕਦਾ ਹੈ। ਆਮ ਤੌਰ ਤੇ ਵਸਨੀਕਾਂ ਨੂੰ ਆਪਣੀ ਪ੍ਰਾਪਰਟੀ ਤੋਂ ਜ਼ਬਰਦਸਤੀ ਨਹੀਂ ਹਟਾਇਆ ਜਾ ਸਕਦਾ। ਪਰ ਜਿਹੜੇ ਕਿਸੇ ਹੋਰ ਦੀ ਪ੍ਰਾਪਰਟੀ ਤੇ ਹਨ ਜਾਂ ਪਬਲਿਕ ਸੜਕਾਂ ਆਦਿ ਤੇ ਹਨ ਨੂੰ ਕੈਦ ਕੀਤਾ ਜਾ ਸਕਦਾ ਹੈ ਅਤੇ ਏਰੀਆ ਵਿੱਚੋਂ ਹਟਾਇਆ ਜਾ ਸਕਦਾ ਹੈ।

. ਇੱਕ ਵਾਰੀ ਏਰੀਆ ਤੋਂ ਬਾਹਰ ਜਾਣ ਤੇ ਲੋਕਾਂ ਨੂੰ ਉਦੋਂ ਤੱਕ ਵਾਪਸ ਨਹੀਂ ਆਉਣ ਦਿੱਤਾ ਜਾਵੇਗਾ ਜਦੋਂ ਤੱਕ ਹਾਲਾਤ ਇਜ਼ਾਜ਼ਤ ਨਹੀਂ ਦਿੰਦੇ। ਕੋਈ ਵੀ ਬਾਹਰਲਾ ਬੰਦਾ ਜਿਸਨੂੰ ਕਿ ਅਫਸਰ ਤੁਰਦਾ ਫਿਰਦਾ ਜਾਂ ਲੁੱਟਦਾ ਜਾਂ ਗੰਦ ਪਾਉਂਦਾ ਦੇਖਣਗੇ ਤਾਂ ਉਸਨੂੰ ਏਰੀਆ ਤੋਂ ਬਾਹਰ ਛੱਡ ਕੇ ਆਇਆ ਜਾਵੇਗਾ ਅਤੇ ਦੁਬਾਰਾ ਏਰੀਆ ਵਿੱਚ ਆਉਣ ਤੇ ਪਾਬੰਦੀ ਲਗਾ ਦਿੱਤੀ ਜਾਵੇਗੀ। ਜੋ ਕੋਈ ਵੀ ਦਖਲ ਅੰਦਾਜ਼ੀ ਕਰੇਗਾ ਨੂੰ ਕੈਦ ਕਰ ਲਿਆ ਜਾਵੇਗਾ।

## ਜੇ ਤੁਹਾਡਾ ਘਰ ਹੜ੍ਹ ਚੁੱਕਿਆ ਹੈ-----

. ਬਿਜਲੀ ਦੀਆਂ ਤਾਰਾਂ ਜਾਂ ਹੋਰ ਤਾਰਾਂ ਨੂੰ ਛੂਹੋ ਨਾ। ਜੇ ਤੁਹਾਨੂੰ ਕਿਸੇ ਵੀ ਤਾਰ ਬਾਰੇ ਨਹੀਂ ਪਤਾ ਤਾਂ ਹੋ ਸਕਦਾ ਹੈ ਕਿ ਉਸ ਵਿੱਚ ਕਰੰਟ ਹੋਵੇ। ਆਪਣੀ ਪਾਵਰ ਕੰਪਨੀ ਨੂੰ ਸੰਪਰਕ ਕਰੋ ਅਤੇ ਅਭਿਆਸੀ ਕਰਮਚਾਰੀਆਂ ਨੂੰ ਇਸ ਹਾਲਾਤ ਵਿੱਚ ਕੰਮ ਕਰਨ ਦਿਉ।

. ਜੇ ਤੁਹਾਡੇ ਘਰ ਜਾਂ ਬਾਹਰਲੀਆਂ ਇਮਾਰਤਾਂ ਦੀ ਗੈਸ ਬੰਦ ਕੀਤੀ ਗਈ ਹੈ ਤਾਂ ਗੈਸ ਕੰਪਨੀ ਨੂੰ ਦੁਬਾਰਾ ਤੋਂ ਗੈਸ ਚਾਲੂ ਕਰਨ ਤੋਂ ਪਹਿਲਾਂ ਆਪਣੇ ਅਪਲਾਇੰਸਾਂ ਦਾ ਮੁਆਇਨਾ ਕਰਵਾਉ।

. ਹੜ੍ਹ ਦੇ ਪਾਣੀ ਦੁਆਰਾ ਛੂਹੀ ਹੋਈ ਕਿਸੇ ਕਿਸਮ ਦੀ ਖੁਰਾਕ ਨਾ ਵਰਤੋ।

. ਯਕੀਨ ਕਰੋ ਕਿ ਪੀਣ ਵਾਲਾ ਪਾਣੀ ਸੁਰੱਖਿਅਤ ਹੈ। 10 ਮਿੰਟਾਂ ਲਈ ਪਾਣੀ ਨੂੰ ਚੰਗੀ ਤਰ੍ਹਾਂ ਉਬਾਲੋ ਜਾਂ ਅੱਧਾ ਚਮਚਾ ਤਰਲ ਕਲੋਰੀਨ ਬਲੀਚ ਦਾ ਢਾਈ ਗੈਲਨਾਂ ਪਾਣੀ ਵਿੱਚ ਪਾਉ। ਘੱਟੋ ਘੱਟ 5 ਮਿੰਟ ਲਈ ਪਿਆ ਰਹਿਣ ਦਿਉ। ਆਪਣੇ ਵਾਟਰ ਪਿਓਰੀਫਾਇਰ ਤੇ ਨਿਰਭਰ ਨਾ ਰਹੋ।

. ਜੇ ਤੁਸੀਂ ਜ਼ਖਮੀ ਹੋ ਜਾਂ ਤੁਹਾਨੂੰ ਡਾਕਟਰੀ ਸਹਾਇਤਾ ਚਾਹੀਦੀ ਹੈ ਤਾਂ ਨੇੜੇ ਦੇ ਸਹਾਇਤਾ ਸਟੇਸ਼ਨ ਜਾਂ ਹਸਪਤਾਲ ਨਾਲ ਸੰਪਰਕ ਕਰੋ।

. ਹੜ੍ਹ ਵਾਲੇ ਏਰੀਆ ਦਾ ਦ੍ਰਿਸ਼ ਦੇਖਣ ਨਾ ਜਾਉ। ਤੁਹਾਡੀ ਮੌਜੂਦਗੀ ਐਮਰਜੈਂਸੀ ਵੇਲੇ ਰੋਕਥਾਮ ਜਾਂ ਬਚਾਉ ਵਿੱਚ ਰੁਕਾਵਟ ਪਾ ਸਕਦੀ ਹੈ ਅਤੇ ਤੁਸੀਂ ਖਤਰੇ ਵਿੱਚ ਹੋ ਸਕਦੇ ਹੋ।

. ਗਿੱਲੀਆਂ ਹੋਈਆਂ ਬਿਜਲੀ ਦੀਆਂ ਤਾਰਾਂ ਜਾਂ ਮਸ਼ੀਨਰੀ ਨੂੰ ਹੱਥ ਨਾ ਲਾਉ। ਜੇ ਬਿਜਲੀ ਦੀਆਂ ਤਾਰਾਂ ਜਾਂ ਮਸ਼ੀਨਰੀ ਪਾਣੀ ਨਾਲ ਛੂੰਹਦੀਆਂ ਹਨ ਤਾਂ ਜਦੋਂ ਤੱਕ ਪੀ ਜੀ ਐਂਡ ਈ ਤੁਹਾਨੂੰ ਦੱਸ ਨਾ ਦੇਵੇ ਕਿ ਇਹ ਸੁਰੱਖਿਅਤ ਹਨ ਉਦੋਂ ਤੱਕ ਨਾ ਵਰਤੋ।

. ਮੁਆਇਨਾਂ ਕਰਨ ਲਈ ਫਲੈਸ਼ਲਾਈਟ ਹੀ ਵਰਤੋ। ਲਾਲਟੈਨਾਂ ਜਾਂ ਤੀਲਾਂ ਨਾ ਵਰਤੋ ਹੋ ਸਕਦਾ ਹੈ ਕਿ ਅੰਦਰ ਛੇਤੀ ਅੱਗ ਫੜ੍ਹਣ ਵਾਲੀਆਂ ਚੀਜ਼ਾਂ ਹੋਣ।
. ਪੁਲੀਸ, ਫਾਇਰ ਜਾਂ ਹੋਰ ਢੁਕਵੀਆਂ ਏਜੰਸੀਆਂ ਨੂੰ ਪਾਣੀ ਜਾਂ ਸੀਵਰੇਜ ਦੀਆਂ ਟੁੱਟੀਆਂ ਲਾਇਨਾਂ ਬਾਰੇ ਸੂਚਿਤ ਕਰੋ।
. ਹੋਰ ਜ਼ਰੂਰੀ ਜਾਣਕਾਰੀ ਲੈਣ ਲਈ ਲੋਕਲ ਟੀ ਵੀ ਜਾਂ ਰੇਡੀਉ ਨਾਲ ਸੰਪਰਕ ਰੱਖੋ।

## ਜੇ ਸਫਾਈ ਜ਼ਰੂਰੀ ਹੈ ਤਾਂ ------

. ਹੜ੍ਹਾਂ ਦੇ ਪਾਣੀ ਨਾਲ ਆਏ ਗਾਰੇ ਵਿੱਚ ਸਿਹਤ ਨੂੰ ਨੁਕਸਾਨ ਪਹੁੰਚਾਉਣ ਵਾਲੇ ਤੱਤ ਹੁੰਦੇ ਹਨ। ਇਹ ਜ਼ਰੂਰੀ ਹੈ ਕਿ ਜਿੰਨੀ ਛੇਤੀ ਹੋ ਸਕੇ ਗਾਰੇ ਤੋਂ ਛੁਟਕਾਰਾ ਪਾਇਆ ਜਾਵੇ। ਇਸ ਤਰ੍ਹਾਂ ਕਰਨ ਲੱਗੇ ਧਿਆਨ ਰੱਖੋ ਕਿ ਅੱਖਾਂ, ਮੂੰਹ ਜਾਂ ਹੱਥ ਸੁਰੱਖਿਅਤ ਹੋਣ। ਜੇ ਹੋ ਸਕੇ ਤਾਂ ਦਸਤਾਨੇ ਜਾਂ ਫੇਸ ਮਾਸਕ ਪਹਿਨੋ। ਸਫਾਈ ਖਤਮ ਕਰਨ ਤੋਂ ਬਾਦ ਕਿਸੇ ਡਿਸਇੰਨਫੈਕਟੈਂਟ ਸਾਬਣ ਨਾਲ ਧੋਵੋ। ਇਹ ਪੱਕਾ ਕਰੋ ਕਿ ਤੁਹਾਡੇ ਟੈਟਨਸ ਦੇ ਟੀਕੇ ਸਹੀ ਹਨ।
. ਈ ਪੀ ਏ ( ਇਨਵਾਇਰਮੈਂਟਲ ਪ੍ਰੋਟੈਕਸ਼ਨ ਏਜੰਸੀ ) ਸਭ ਨੂੰ ਸਲਾਹ ਦਿੰਦੀ ਹੈ ਕਿ ਹੜ੍ਹਾਂ ਦੀ ਲਪੇਟ ਵਿੱਚ ਆਏ ਏਰੀਆ ਵਿੱਚ ਵਾਪਸ ਆਉਣ ਵੇਲੇ ਸੁਰੱਖਿਆ ਦਾ ਖਾਸ ਧਿਆਨ ਰੱਖਣ। ਮੁਰੰਮਤ ਜਾਂ ਰੀਕਵਰੀ ਦੀਆਂ ਕੋਸ਼ਿਸ਼ਾਂ ਦੌਰਾਨ ਹੋ ਸਕਦਾ ਹੈ ਕਿ ਤੁਸੀਂ ਕੈਮੀਕਲ ਹੈਜ਼ਰਡ ਦੇ ਸੰਪਰਕ ਵਿੱਚ ਆ ਜਾਵੋ। ਹੜ੍ਹ ਨੇ ਹੋ ਸਕਦਾ ਹੈ ਕਿ ਕੈਮੀਕਲਾਂ ਨੂੰ ਆਪਣੀ ਥਾਂ ਤੋਂ ਹਿਲਾ ਦਿੱਤਾ ਹੋਵੇ। ਪ੍ਰੋਪੇਨ ਟੈਂਕਾਂ ਨੂੰ ਹਿਲਾਉਣ ਦੀ ਕੋਸ਼ਿਸ਼ ਨਾ ਕਰੋ। ਇਸ ਤਰ੍ਹਾਂ ਕਰਨ ਨਾਲ ਇਨ੍ਹਾਂ ਨੂੰ ਅੱਗ ਲੱਗ ਸਕਦੀ ਹੈ ਜਾਂ ਇਹ ਫੱਟ ਸਕਦੇ ਹਨ। ਈ ਪੀ ਏ ਤੁਹਾਨੂੰ ਸਲਾਹ ਦਿੰਦੀ ਹੈ ਕਿ ਤੁਸੀਂ ਪੁਲੀਸ ਜਾਂ ਫਾਇਰ ਵਾਲਿਆਂ ਨੂੰ ਇਨ੍ਹਾਂ ਟੈਂਕਾਂ ਦੇ ਟਿਕਾਣੇ ਬਾਰੇ ਸੂਚਿਤ ਕਰੋ। ਕਾਰ ਦੀ ਬੈਟਰੀ ਵੀ ਬਿਜਲੀ ਦਾ ਚਾਰਜ ਲੈ ਸਕਦੀ ਹੈ। ਕਾਰ ਦੀ ਬੈਟਰੀ ਕੱਢਣ ਤੋਂ ਪਹਿਲਾਂ ਇੰਨਸੂਲੇਟਿਡ ਦਸਤਾਨੇ ਪਾਉ। ਕਿਸੇ ਵੀ ਡੁਲ੍ਹੇ ਹੋਏ ਬੈਟਰੀ ਐਸਿਡ ਨੂੰ ਨਾ ਛੂਹੋ।

## ਹੜ੍ਹਾਂ ਦਾ ਭਾਵਨਾਤਮਕ ਨੁਕਸਾਨ-----

ਕਿਸੇ ਵੀ ਹੋਰ ਨੁਕਸਾਨ ਦੀ ਤਰ੍ਹਾਂ ਕਾਫੀ ਹੱਦ ਤੱਕ ਅਸਰ ਕਰ ਸਕਦਾ ਹੈ। ਦੋਸਤ, ਗੁਆਂਢੀ ਅਤੇ ਸਥਾਨਿਕ ਚਰਚ ਆਸ਼ਰੇ ਦੇ ਮੁੱਖ ਸਰੋਤ ਹਨ। ਜੇ ਹੋਰ ਮਦਦ ਜਾਂ ਆਸਰਾ ਚਾਹੀਦਾ ਹੈ ਤਾਂ ਕਈ ਸਰੋਤ ਸਟੇਸ਼ਨ ਖੋਲ੍ਹੇ ਜਾਣਗੇ ਤਾਂ ਕਿ ਹੜ੍ਹ ਪੀੜਤਾਂ ਦੀ ਮਦਦ ਹੋ ਸਕੇ, ਜਿਸ ਵਿੱਚ ਕਾਊਂਸਲਿੰਗ ਵੀ ਸ਼ਾਮਿਲ ਹੈ। ਸਥਾਨਿਕ ਸਰਕਾਰ ਲੋੜਵੰਦ ਲੋਕਾਂ ਦੀ ਮਦਦ ਲਈ ਫੈਡਰਲ ਅਤੇ ਸਟੇਟ ਪ੍ਰੋਗਰਾਮਾਂ ਦੇ ਫੂਨ ਨੰਬਰਾਂ ਦੀ ਸਥਾਪਨਾ ਕਰੇਗੀ ਜਿਸ ਵਿੱਚ ਪਰਸਨਲ ਆਸਰਾ ਜਾਂ ਮਦਦ ਬਾਰੇ ਜਾਣਕਾਰੀ ਵੀ ਸ਼ਾਮਿਲ ਹੋਵੇਗੀ।

## ਜਦੋਂ ਨਦੀਆਂ ਵਿੱਚ ਪਾਣੀ ਚੜ੍ਹਦਾ ਹੈ-----

ਪੱਕਾ ਕਰੋ ਕਿ ਤੁਸੀਂ ਆਪਣੇ ਸਥਾਨਿਕ ਕੇਬਲ ਚੈਨਲ 5 ਜਾਂ ਐਮਰਜੈਂਸੀ ਬਰਾਡਕਾਸਟ ਸਟੇਸ਼ਨ ਨਾਲ ਜਾਣਕਾਰੀ ਲਈ ਸੰਪਰਕ ਰੱਖ ਰਹੇ ਹੋ। ਯੂਬਾ - ਸਟਰ ਦੀ ਕਮਿਊਨਿਟੀ ਸੁਣੇ:

| | |
|---|---|
| ਕੇ ਯੂ ਬੀ ਏ | 1600 ਏ ਐੱਮ |
| ਕੇ ਐਕਸ ਸੀ ਐੱਲ | 103.9 ਐੱਫ ਐੱਮ |

ਕਿਸੇ ਵੀ ਤਰ੍ਹਾਂ ਦੀਆਂ ਅਫਵਾਹਾਂ ਜਾਂ ਮਨਘੜ੍ਹਤ ਗੱਲਾਂ ਤੇ ਯਕੀਨ ਨਾ ਕਰੋ। ਆਪਣੇ ਸਥਾਨਿਕ ਐਮਰਜੈਂਸੀ ਜਾਣਕਾਰੀ ਦੇ ਸਰੋਤਾਂ ਵੱਲ ਧਿਆਨ ਦਿਉ।

ਜਿਨ੍ਹਾਂ ਲੋਕਾਂ ਕੋਲ ਈਵੈਕੁਏਸ਼ਨ ਵੇਲੇ ਜਾਣ ਲਈ ਹੋਰ ਕੋਈ ਥਾਂ ਨਹੀਂ ਉਨ੍ਹਾਂ ਲਈ ਅਮੇਰੀਕਨ ਰੈੱਡ ਕਰਾਸ ਵੱਲੋਂ ਸ਼ੈਲਟਰ ਲਾਏ ਜਾਣਗੇ। ਇਨ੍ਹਾਂ ਸਥਾਨਾਂ ਬਾਰੇ ਰੇਡੀਉ ਜਾਂ ਟੀ ਵੀ ਤੇ ਦੱਸਿਆ ਜਾਵੇਗਾ।

72 ਘੰਟਿਆਂ ਬਾਦ ਰੈੱਡ ਕਰਾਸ ਤੋਂ ਸ਼ੈਲਟਰ ਵਿੱਚ ਆਏ ਲੋਕਾਂ ਦੇ ਨਾਂਵਾਂ ਦੀ ਸੂਚੀ ਪ੍ਰਾਪਤ ਕੀਤੀ ਜਾ ਸਕਦੀ ਹੈ ਰੈੱਡ ਕਰਾਸ ਸਥਾਨਿਕ ਰੇਡੀਉ ਰਾਹੀਂ ਇੱਕ ਫੂਨ ਨੰਬਰ ਦੱਸੇਗਾ ਤਾਂ ਕਿ ਪ੍ਰੀਵਾਰ ਜਾਂ ਦੋਸਤ ਈਵੈਕੁਏਟ ਕੀਤੇ ਲੋਕਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਣ।

**ਈਵੈਕੁਏਸ਼ਨ ਦੇ ਹੁਕਮ ਦੀਆਂ ਤਿਆਰੀਆਂ-----**

. ਪੀਣ ਵਾਲੇ ਪਾਣੀ ਨੂੰ ਸਾਫ ਅਤੇ ਬੰਦ ਭਾਂਡਿਆਂ ਵਿੱਚ ਰੱਖੋ।
. ਜੇ ਹੜ੍ਹ ਆਉਣਾ ਹੈ ਅਤੇ ਤੁਹਾਡੇ ਕੋਲ ਸਮਾਂ ਹੈ ਤਾਂ ਫਰਨੀਚਰ ਜਾਂ ਪਰਸਨਲ ਪ੍ਰਾਪਰਟੀ ਆਦਿ ਨੂੰ ਉੱਚੀ ਥਾਂ ਤੇ ਰੱਖੋ।
. ਕੀਮਤੀ ਚੀਜ਼ਾਂ ਅਤੇ ਜ਼ਰੂਰੀ ਕਾਗਜ਼ਾਂ ਨੂੰ ਸੁਰੱਖਿਅਤ ਕਰੋ।
. ਐਮਰਜੈਂਸੀ ਲਿਸਟ ਦੇ ਮੁਤਾਬਿਕ ਚੀਜ਼ਾਂ ਇਕੱਠੀਆਂ ਕਰੋ।

ਜੇ ਤੁਸੀਂ ਇੱਕਦਮ ਚੜ੍ਹ ਰਹੇ ਪਾਣੀ ਵਿੱਚ ਫੱਸ ਗਏ ਹੋ ਤਾਂ ਦੂਸਰੀ ਮੰਜ਼ਿਲ ਜਾਂ ਛੱਤ ਤੇ ਜਾਉ। ਗਰਮ ਕੱਪੜੇ, ਫਲੈਸ਼ ਲਾਈਟ, ਛੋਟਾ ਰੇਡੀਉ ਨਾਲ ਲੈ ਕੇ ਜਾਉ। ਮਦਦ ਦਾ ਇੰਤਜ਼ਾਰ ਕਰੋ। ਤਰਨ ਦੀ ਕੋਸ਼ਿਸ਼ ਨਾ ਕਰੋ। ਬਚਾਉ ਟੀਮਾਂ ਤੁਹਾਡੀ ਭਾਲ ਕਰ ਰਹੀਆਂ ਹੋਣਗੀਆਂ। ਜੇ ਤੁਸੀਂ ਘਰ ਤੋਂ ਬਾਹਰ ਹੋ ਤਾਂ ਯਾਦ ਰੱਖੋ ਕਿ ਹੜ੍ਹ ਨੁਕਸਾਨ ਦੇਹ ਹੋ ਸਕਦੇ ਹਨ। ਹੜ੍ਹ ਵਾਲੇ ਏਰੀਆ ਤੋਂ ਦੂਰ ਰਹੋ ਅਤੇ ਹੜ੍ਹ ਵਾਲੇ ਪਾਣੀ ਵਿੱਚ ਨਾ ਤੁਰੋ।

ਕਿਸੇ ਵੀ ਹੜ੍ਹ ਵਾਲੀ ਸੜਕ ਤੇ ਕੋਈ ਵੀ ਵਾਹਨ ਨਾ ਚਲਾਉ। ਤੁਸੀਂ ਇਸ ਤਰ੍ਹਾਂ ਕਰਨ ਨਾਲ ਹੜ੍ਹ ਵਿੱਚ ਫੱਸ ਸਕਦੇ ਹੋ।

ਜੇ ਤੁਹਾਡੀ ਕਾਰ ਜਾਂ ਹੋਰ ਕੋਈ ਵਾਹਨ ਫੱਸ ਗਿਆ ਹੋਵੇ ਤਾਂ ਛੇਤੀ ਤੋਂ ਛੇਤੀ ਉਸਨੂੰ ਛੱਡ ਕੇ ਉੱਚੀ ਥਾਂ ਤੇ ਜਾਉ। ਆਪਣੀਆਂ ਕਾਰਾਂ ਆਦਿ ਨੂੰ ਬਚਾਉਂਦੇ ਹੋਏ ਕਈ ਲੋਕ ਡੁੱਬ ਜਾਂਦੇ ਹਨ।

## ਮੇਰੀ ਚੈੱਕ ਲਿਸਟ

ਈਵੈਕੂਏਸ਼ਨ ਦੀ ਹਾਲਤ ਵਿੱਚ ਮੈਨੂੰ ਜੋ ਚੀਜ਼ਾਂ ਨਾਲ ਲਿਜਾਣੀਆਂ ਚਾਹੀਦੀਆਂ ਹਨ:

ਪਾਣੀ

ਭੋਜਨ

ਕੰਬਲ

ਦਵਾਈਆਂ

ਬੱਚਿਆਂ ਦੀ ਸਪਲਾਈ

## ਛੇਤੀ ਹਾਸਲ ਕਰਨ ਲਈ ਫੂਨ ਨੰਬਰਾਂ ਦੀ ਸੂਚੀ ਤਿਆਰ ਕਰੋ:

---

ਫੈਮਲੀ ਡਾਕਟਰ:

---

ਖਾਸ ਡਾਕਟਰ:

---

ਪੀ ਜੀ ਐਂਡ ਈ:

---

ਹਰ ਬੱਚੇ ਦਾ ਸਕੂਲ:

---

---

---

ਮਾਤਾ ਦਾ ਕੰਮ:

---

ਪਿਤਾ ਦਾ ਕੰਮ:

---

ਫਾਰਮੇਸੀ:

---

ਹੋਰ:

---

---

---

---

## ਰੀਕਵਰੀ ਦੀ ਮਹੱਤਵਪੂਰਣ ਜਾਣਕਾਰੀ:

ਕੈਲਾਫੋਰਨੀਆਂ ਦੇ ਵਸਨੀਕ, ਜਿਨ੍ਹਾਂ ਦੇ ਘਰ ਜਾਂ ਪ੍ਰਾਪਰਟੀਅਬ ਸਿਆਲਾਂ ਦੇ ਹੜ੍ਹਾਂ ਦੌਰਾਨ ਤਬਾਹ ਹੋ ਗਏ ਸਨ, ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਹੇਠ ਲਿਖੇ ਸਰੋਤਾਂ ਨਾਲ ਸੰਪਰਕ ਕਰਨ:

**ਐੱਫ ਈ ਐੱਮ ਏ ਰਜਿਸਟਰੇਸ਼ਨ:**
ਡੀਸਾਸਟਰ ਅਸਿਸਟੈਂਸ: 1-800-462-9029
ਭਾਸ਼ਾ ਅਤੇ ਸੁਨਣ ਤੋਂ ਅਪਾਹਿਜ: 1-800-462-7585

**ਨੈਸ਼ਨਲ ਫਲੱਡ ਇੰਨਸ਼ਿਉਰੈਂਸ:** 1-800-427-4661

**ਅਮੇਰੀਕਨ ਰੈੱਡ ਕਰਾਸ**
ਬਿਊਟ ਏਰੀਆ ਚੈਪਟਰ 673-1460
**ਸਾਲਵੇਸ਼ਨ ਆਰਮੀ:**
ਯੂਬਾ ਸਟਰ ਕੋਰਪਸ : 674-7624

ਐਂਮਬੂਲੈਂਸ, ਫਾਇਰ ਡੀਪਾਰਟਮੈਂਟ, ਪੁਲੀਸ ਡੀਪਾਰਟਮੈਂਟ, ਸ਼ੈਰਿਫ ਡੀਪਾਰਟਮੈਂਟ
**ਸਿਰਫ ਐਮਰਜੈਂਸੀ ਸੇਵਾਵਾਂ ਲਈ: 911**

**ਸਟਰ ਕਾਊਂਟੀ**
**ਆਫਿਸ ਆਫ ਐਮਰਜੈਂਸੀ ਸਰਵਿਸਜ਼**
ਫੈਦਰ ਰਿਵਰ ਦੇ 65' ਜਾਂ ਉਪਰ ਹੋਣ ਦੀ ਹਾਲਤ ਵਿੱਚ ਸਟਰ ਕਾਊਂਟੀ ਦੇ ਵਸਨੀਕਾਂ ਲਈ 822-7400 ਤੇ 24 ਘੰਟੇ ਦਾ ਜਾਣਕਾਰੀ ਸੈਂਟਰ ਲਾਉਣਗੇ ਅਤੇ ਜ਼ਰੂਰੀ ਜਾਣਕਾਰੀ ਦਿੰਦੇ ਰਹਿਣਗੇ।

# ਫੇਦਰ ਨਦੀ ਵਿੱਚ ਹੜ੍ਹਾਂ ਦੀਆਂ ਸਟੇਜਾਂ--

ਨਦੀ ਦਾ ਲੈਵਲ ਨਿਕੋਲਸ ਤੇ ਮਾਪਿਆ ਜਾਂਦਾ ਹੈ।

**42.6' ਤੋਂ ਥੱਲੇ -**
**ਯੋਜਨਾ ਅਤੇ ਤਿਆਰੀ ਦਾ ਪੜਾਉ:** ਐਮਰਜੈਂਸੀ ਲਈ ਯੋਜਨਾ ਅਤੇ ਤਿਆਰੀ। ਰਿਵਰ ਆਪਣੇ ਮੇਨ ਚੈਨਲ ਤੇ ਕੰਢਿਆਂ ਤੋਂ ਬਾਹਰ ਆ ਚੁੱਕੀ ਹੈ ਅਤੇ ਸਰਕਾਰ ਪਬਲਿਕ ਨੂੰ ਸਾਵਧਾਨ ਕੀਤੇ ਬਿਨ੍ਹਾਂ ਹੀ ਤਿਆਰੀ ਰੱਖਣੀ ਚਾਹੁੰਦੀ ਹੈ।

**42.6' ਤੋਂ ਉਤੇ -**
**ਗਤੀਵਿਧੀਆਂ ਤੇ ਅਮਲ ਕਰਨ ਦਾ ਪੜਾਉ:** ਇਸ ਇਲਾਕੇ ਦੇ ਸਾਰੇ ਵਸਨੀਕਾਂ ਨੂੰ ਕਿਸੇ ਵੀ ਸਮੇਂ ਦਿੱਤੇ ਜਾ ਸਕਦੇ ਸਲਾਹਕਾਰੀ ਈਵੈਕੂਏਸ਼ਨ ਨੋਟਿਸ ਜਾਂ ਲਾਜ਼ਮੀ ਈਵੈਕੂਏਸ਼ਨ ਹੁਕਮ ਲਈ ਹਰ ਸਮੇਂ ਤਿਆਰ ਰਹਿਣਾ ਚਾਹੀਦਾ ਹੈ।

**46.4' ਤੋਂ ਉਤੇ -**
**ਐਮਰਜੈਂਸੀ ਪੜਾਉ:** ਇਸ ਮੌਕੇ ਤੇ ਬੇਸਿਨ ਦਾ ਐਮਰਜੈਂਸੀ ਈਵੈਕੂਏਸ਼ਨ ਜ਼ਰੂਰੀ ਹੋ ਸਕਦਾ ਹੈ। ਲਾਜ਼ਮੀ ਈਵੈਕੂਏਸ਼ਨ ਦਾ ਹੁਕਮ ਕਿਸੇ ਵੀ ਵੇਲੇ ਦਿੱਤਾ ਜਾ ਸਕਦਾ ਹੈ। ਬਿਜ਼ਨਸਾਂ ਜਾਂ ਪਬਲਿਕ ਲਈ ਸੁਰੱਖਿਅਤ ਕਦਮ ਚੁੱਕਣ ਲਈ ਕੁੱਛ ਹੀ ਸਮਾਂ ਜਾਂ ਕੋਈ ਵੀ ਸਮਾਂ ਨਹੀਂ ਹੋਵੇਗਾ। ਸੋ ਹਰ ਇੱਕ ਲਈ ਇਹ ਜ਼ਰੂਰੀ ਹੈ ਕਿ ਉਹ ਕਾਊਂਟੀ ਜਾਂ ਸਿਟੀ ਦੁਆਰਾ ਦਿੱਤੀ ਜਾ ਰਹੀ ਜਾਣਕਾਰੀ ਵੱਲ ਹਰ ਵੇਲੇ ਧਿਆਨ ਦੇਣ।

# ਸੈਕਰਾਮੈਂਟੋ ਨਦੀ ਵਿੱਚ ਹੜ੍ਹਾਂ ਦੀਆਂ ਸਟੇਜਾਂ--

ਨਦੀ ਦਾ ਲੈਵਲ ਲੌਂਗ ਬਰਿੱਜ ਅਤੇ ਕਲੂਸਾ ਬਰਿੱਜ ਤੇ ਮਾਪਿਆ ਜਾਂਦਾ ਹੈ।

**50.5' ਤੋਂ ਥੱਲੇ - ਲੌਂਗ ਬਰਿੱਜ/66.5' ਕਲੂਸਾ ਬਰਿੱਜ**

**ਯੋਜਨਾ ਅਤੇ ਤਿਆਰੀ ਦਾ ਪੜਾਉ:** ਐਮਰਜੈਂਸੀ ਲਈ ਯੋਜਨਾ ਅਤੇ ਤਿਆਰੀ। ਰਿਵਰ ਆਪਣੇ ਮੇਨ ਚੈਨਲ ਤੇ ਕੰਢਿਆਂ ਤੋਂ ਬਾਹਰ ਆ ਚੁੱਕੀ ਹੈ ਅਤੇ ਸਰਕਾਰ ਪਬਲਿਕ ਨੂੰ ਸਾਵਧਾਨ ਕੀਤੇ ਬਿਨ੍ਹਾਂ ਹੀ ਤਿਆਰੀ ਰੱਖਣੀ ਚਾਹੁੰਦੀ ਹੈ।

**50.5' ਤੋਂ ਉੱਤੇ - ਲੌਂਗ ਬਰਿੱਜ/66.5' ਕਲੂਸਾ ਬਰਿੱਜ**

**ਗਤੀਵਿਧੀਆਂ ਤੇ ਅਮਲ ਕਰਨ ਦਾ ਪੜਾਉ:** ਇਸ ਇਲਾਕੇ ਦੇ ਸਾਰੇ ਵਸਨੀਕਾਂ ਨੂੰ ਕਿਸੇ ਵੀ ਸਮੇਂ ਦਿੱਤੇ ਜਾ ਸਕਦੇ ਸਲਾਹਕਾਰੀ ਈਵੈਕੂਏਸ਼ਨ ਨੋਟਿਸ ਜਾਂ ਲਾਜ਼ਮੀ ਈਵੈਕੂਏਸ਼ਨ ਹੁਕਮ ਲਈ ਹਰ ਸਮੇਂ ਤਿਆਰ ਰਹਿਣਾ ਚਾਹੀਦਾ ਹੈ।

**56.6' ਤੋਂ ਉੱਤੇ - ਲੌਗ ਬਰਿੱਜ/70' ਕਲੂਸਾ ਬਰਿੱਜ**

**ਐਮਰਜੈਂਸੀ ਪੜਾਉ:** ਇਸ ਮੌਕੇ ਤੇ ਬੇਸਿਨ ਦਾ ਐਮਰਜੈਂਸੀ ਈਵੈਕੂਏਸ਼ਨ ਜ਼ਰੂਰੀ ਹੋ ਸਕਦਾ ਹੈ। ਲਾਜ਼ਮੀ ਈਵੈਕੂਏਸ਼ਨ ਦਾ ਹੁਕਮ ਕਿਸੇ ਵੀ ਵੇਲੇ ਦਿੱਤਾ ਜਾ ਸਕਦਾ ਹੈ। ਬਿਜ਼ਨਸਾਂ ਜਾਂ ਪਬਲਿਕ ਲਈ ਸੁਰੱਖਿਅਤ ਕਦਮ ਚੁੱਕਣ ਲਈ ਕੁੱਛ ਹੀ ਸਮਾਂ ਜਾਂ ਕੋਈ ਵੀ ਸਮਾਂ ਨਹੀਂ ਹੋਵੇਗਾ। ਸੋ ਹਰ ਇੱਕ ਲਈ ਇਹ ਜ਼ਰੂਰੀ ਹੈ ਕਿ ਉਹ ਕਾਊਂਟੀ ਜਾਂ ਸਿਟੀ ਦੁਆਰਾ ਦਿੱਤੀ ਜਾ ਰਹੀ ਜਾਣਕਾਰੀ ਵੱਲ ਹਰ ਵੇਲੇ ਧਿਆਨ ਦੇਣ।

# ਸੈਕਰਾਮੈਂਟੋ ਨਦੀ ਵਿੱਚ ਹੜ੍ਹਾਂ ਦੀਆਂ ਸਟੇਜਾਂ-----

ਨਦੀ ਦਾ ਲੈਵਲ ਟਿੰਸਡੇਲ ਵੇਅਰ ਅਤੇ ਨਾਈਟਸਲੈਂਡਿੰਗ ਤੇ ਮਾਪਿਆ ਜਾਂਦਾ ਹੈ।

**51' ਤੋਂ ਥੱਲੇ - ਟਿੰਸਡੇਲ ਵੇਅਰ/40' - ਨਾਈਟਸਲੈਂਡਿੰਗ**
**ਯੋਜਨਾ ਅਤੇ ਤਿਆਰੀ ਦਾ ਪੜਾਉ:** ਐਮਰਜੈਂਸੀ ਲਈ ਯੋਜਨਾ ਅਤੇ ਤਿਆਰੀ। ਰਿਵਰ ਆਪਣੇ ਮੇਨ ਚੈਨਲ ਤੇ ਕੰਢਿਆਂ ਤੋਂ ਬਾਹਰ ਆ ਚੁੱਕੀ ਹੈ ਅਤੇ ਸਰਕਾਰ ਪਬਲਿਕ ਨੂੰ ਸਾਵਧਾਨ ਕੀਤੇ ਬਿਨ੍ਹਾਂ ਹੀ ਤਿਆਰੀ ਰੱਖਣੀ ਚਾਹੁੰਦੀ ਹੈ।

**51' ਤੋਂ ਉੱਤੇ - ਟਿੰਸਡੇਲ ਵੇਅਰ/40' - ਨਾਈਟਸਲੈਂਡਿੰਗ**
**ਗਤੀਵਿਧੀਆਂ ਤੇ ਅਮਲ ਕਰਨ ਦਾ ਪੜਾਉ:** ਇਸ ਇਲਾਕੇ ਦੇ ਸਾਰੇ ਵਸਨੀਕਾਂ ਨੂੰ ਕਿਸੇ ਵੀ ਸਮੇਂ ਦਿੱਤੇ ਜਾ ਸਕਦੇ ਸਲਾਹਕਾਰੀ ਈਵੈਕੂਏਸ਼ਨ ਨੋਟਿਸ ਜਾਂ ਲਾਜ਼ਮੀ ਈਵੈਕੂਏਸ਼ਨ ਹੁਕਮ ਲਈ ਹਰ ਸਮੇਂ ਤਿਆਰ ਰਹਿਣਾ ਚਾਹੀਦਾ ਹੈ।

**54' ਤੋਂ ਉੱਤੇ - ਟਿੰਸਡੇਲ ਵੇਅਰ/43.5 - ਨਾਈਟਸਲੈਂਡਿੰਗ**
**ਐਮਰਜੈਂਸੀ ਪੜਾਉ:** ਇਸ ਮੌਕੇ ਤੇ ਬੇਸਿਨ ਦਾ ਐਮਰਜੈਂਸੀ ਈਵੈਕੂਏਸ਼ਨ ਜ਼ਰੂਰੀ ਹੋ ਸਕਦਾ ਹੈ। ਲਾਜ਼ਮੀ ਈਵੈਕੂਏਸ਼ਨ ਦਾ ਹੁਕਮ ਕਿਸੇ ਵੀ ਵੇਲੇ ਦਿੱਤਾ ਜਾ ਸਕਦਾ ਹੈ। ਬਿਜ਼ਨਸਾਂ ਜਾਂ ਪਬਲਿਕ ਲਈ ਸੁਰੱਖਿਅਤ ਕਦਮ ਚੁੱਕਣ ਲਈ ਕੁੱਛ ਹੀ ਸਮਾਂ ਜਾਂ ਕੋਈ ਵੀ ਸਮਾਂ ਨਹੀਂ ਹੋਵੇਗਾ। ਸੋ ਹਰ ਇੱਕ ਲਈ ਇਹ ਜ਼ਰੂਰੀ ਹੈ ਕਿ ਉਹ ਕਾਊਂਟੀ ਜਾਂ ਸਿਟੀ ਦੁਆਰਾ ਦਿੱਤੀ ਜਾ ਰਹੀ ਜਾਣਕਾਰੀ ਵੱਲ ਹਰ ਵੇਲੇ ਧਿਆਨ ਦੇਣ।

# ਸੈਕਰਾਮੈਂਟੋ ਨਦੀ ਵਿੱਚ ਹੜ੍ਹਾਂ ਦੀਆਂ ਸਟੇਜਾਂ-----

ਨਦੀ ਦਾ ਲੈਵਲ ਟਿੰਸਡੇਲ ਵੇਅਰ ਅਤੇ ਨਾਈਟਸਲੈਂਡਿੰਗ ਤੇ ਮਾਪਿਆ ਜਾਂਦਾ ਹੈ।

**51' ਤੋਂ ਥੱਲੇ - ਟਿੰਸਡੇਲ ਵੇਅਰ/40' - ਨਾਈਟਸਲੈਂਡਿੰਗ**
**ਯੋਜਨਾ ਅਤੇ ਤਿਆਰੀ ਦਾ ਪੜਾਉ:** ਐਮਰਜੈਂਸੀ ਲਈ ਯੋਜਨਾ ਅਤੇ ਤਿਆਰੀ। ਰਿਵਰ ਆਪਣੇ ਮੇਨ ਚੈਨਲ ਤੇ ਕੰਢਿਆਂ ਤੋਂ ਬਾਹਰ ਆ ਚੁੱਕੀ ਹੈ ਅਤੇ ਸਰਕਾਰ ਪਬਲਿਕ ਨੂੰ ਸਾਵਧਾਨ ਕੀਤੇ ਬਿਨ੍ਹਾਂ ਹੀ ਤਿਆਰੀ ਰੱਖਣੀ ਚਾਹੁੰਦੀ ਹੈ।

**51' ਤੋਂ ਉਤੇ - ਟਿੰਸਡੇਲ ਵੇਅਰ/40' - ਨਾਈਟਸਲੈਂਡਿੰਗ**
**ਗਤੀਵਿਧੀਆਂ ਤੇ ਅਮਲ ਕਰਨ ਦਾ ਪੜਾਉ:** ਇਸ ਇਲਾਕੇ ਦੇ ਸਾਰੇ ਵਸਨੀਕਾਂ ਨੂੰ ਕਿਸੇ ਵੀ ਸਮੇਂ ਦਿੱਤੇ ਜਾ ਸਕਦੇ ਸਲਾਹਕਾਰੀ ਈਵੈਕੂਏਸ਼ਨ ਨੋਟਿਸ ਜਾਂ ਲਾਜ਼ਮੀ ਈਵੈਕੂਏਸ਼ਨ ਹੁਕਮ ਲਈ ਹਰ ਸਮੇਂ ਤਿਆਰ ਰਹਿਣਾ ਚਾਹੀਦਾ ਹੈ।

**54' ਤੋਂ ਉਤੇ - ਟਿੰਸਡੇਲ ਵੇਅਰ/43.5 - ਨਾਈਟਸਲੈਂਡਿੰਗ**
**ਐਮਰਜੈਂਸੀ ਪੜਾਉ:** ਇਸ ਮੌਕੇ ਤੇ ਬੇਸਿਨ ਦਾ ਐਮਰਜੈਂਸੀ ਈਵੈਕੂਏਸ਼ਨ ਜ਼ਰੂਰੀ ਹੋ ਸਕਦਾ ਹੈ। ਲਾਜ਼ਮੀ ਈਵੈਕੂਏਸ਼ਨ ਦਾ ਹੁਕਮ ਕਿਸੇ ਵੀ ਵੇਲੇ ਦਿੱਤਾ ਜਾ ਸਕਦਾ ਹੈ। ਬਿਜ਼ਨਸਾਂ ਜਾਂ ਪਬਲਿਕ ਲਈ ਸੁਰੱਖਿਅਤ ਕਦਮ ਚੁੱਕਣ ਲਈ ਕੁੱਛ ਹੀ ਸਮਾਂ ਜਾਂ ਕੋਈ ਵੀ ਸਮਾਂ ਨਹੀਂ ਹੋਵੇਗਾ। ਸੋ ਹਰ ਇੱਕ ਲਈ ਇਹ ਜ਼ਰੂਰੀ ਹੈ ਕਿ ਉਹ ਕਾਊਂਟੀ ਜਾਂ ਸਿਟੀ ਦੁਆਰਾ ਦਿੱਤੀ ਜਾ ਰਹੀ ਜਾਣਕਾਰੀ ਵੱਲ ਹਰ ਵੇਲੇ ਧਿਆਨ ਦੇਣ।